ਨਿਊਜ਼ ਰਿਲੀਜ਼

# ਪੋਪ ਦੀ ਐਲਬਰਟਾ ਫੇਰੀ 'ਚ ਸਹਾਈ ਹੁੰਦਿਆਂ

14 ਜੁਲਾਈ 2022

ਐਲਬਰਟਾ ਸਰਕਾਰ ਪੋਪ ਫਰਾਂਸਿਸ ਦੀ 24-27 ਜੁਲਾਈ ਤੱਕ ਦੀ ਐਲਬਰਟਾ ਫੇਰੀ ਲਈ ਸਹਾਇਤਾ ਪ੍ਰਦਾਨ ਕਰ ਰਹੀ ਹੈ।

ਪੋਪ ਫਰਾਂਸਿਸ 24 ਜੁਲਾਈ ਨੂੰ ਐਡਮਿੰਟਨ ਪਹੁੰਚਣਗੇ ਅਤੇ ਐਡਮਿੰਟਨ, ਮਾਸਕਵਾਸਿਸ ਅਤੇ ਲੇਕ ਸੇਂਟ ਐਨ 'ਚ ਹੋਣ ਵਾਲੇ ਈਵੈਂਟਾਂ 'ਚ ਸ਼ਾਮਲ ਹੋਣਗੇ।

ਐਲਬਰਟਾ ਸਰਕਾਰ ਪੋਪ ਦੀ ਫੇਰੀ ਅਤੇ ਸੱਚ ਤੇ ਸੁਲਹ-ਸਫਾਈ (ਟਰੁੱਥ ਐਂਡ ਰੀਕਾਂਸਿਲੀਏਸ਼ਨ) ਵੱਲ ਨੂੰ ਜਾਂਦੇ ਰਸਤੇ ਦੇ ਸਾਰੇ ਯਤਨਾਂ ਦਾ ਸਮਰਥਨ ਕਰਦੀ ਹੈ। ਸਰਕਾਰ ਬੰਦੋਬਸਤ ਤੇ ਯੋਜਨਾਂਬੰਦੀ 'ਚ ਸਹਾਇਤਾ ਪ੍ਰਦਾਨ ਕਰ ਰਹੀ ਹੈ ਅਤੇ ਭਾਈਵਾਲਾਂ ਨਾਲ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ ਕਿ ਫੇਰੀ ਸਫਲ ਰਹੇ।

ਸਰਕਾਰ ਭਾਵੇਂ ਕਿ ਪੋਪ ਦੇ ਮੋਟਰ ਕਾਫਲੇ ਦੇ ਰੂਟਾਂ ਵਾਲੇ ਐਲਬਰਟਾ ਦੇ ਹਾਈਵੇਆਂ ਉੱਪਰ ਯਾਤਰੂਆਂ ਵਾਸਤੇ ਪੈਣ ਵਾਲੇ ਵਿਘਨਾਂ ਨੂੰ ਘੱਟ ਤੋਂ ਘੱਟ ਰੱਖਣ ਲਈ ਕੰਮ ਕਰ ਰਹੀ ਹੈ, ਫਿਰ ਵੀ ਬਦਲ ਬਦਲ ਕੇ ਸੜਕਾਂ ਬੰਦ ਕਰਨ ਕਰਕੇ ਮੋਟਰਚਾਲਕਾਂ ਨੂੰ ਦੇਰੀ ਲੱਗਣ ਦੀ ਆਸ ਕਰਨੀ ਚਾਹੀਦੀ ਹੈ ਅਤੇ ਜਿੱਥੇ ਸੰਭਵ ਹੋਵੇ, ਬਦਲਵੇਂ ਰੂਟ ਲੈ ਲੈਣੇ ਚਾਹੀਦੇ ਹਨ।

## ਸੜਕ ਬੰਦੀਆਂ

### 24 ਜੁਲਾਈ – ਪੋਪ ਫਰਾਂਸਿਸ ਪਹੁੰਚਦੇ ਹਨ

- ਪਬਲਿਕ ਨੂੰ ਹਾਈਵੇਅ ਬੰਦੀਆਂ ਅਤੇ ਕੁਈਨ ਐਲਿਜ਼ਾਬੈੱਥ II (QEII) ਹਾਈਵੇਅ 'ਤੇ ਸੀਮਤ ਪਹੁੰਚ ਦੀ ਉਮੀਦ ਰੱਖਣੀ ਚਾਹੀਦੀ ਹੈ, ਜਦੋਂ ਪੋਪ ਐਡਮਿੰਟਨ ਇੰਟਰਨੈਸ਼ਨਲ ਏਅਰਪੋਰਟ ਤੋਂ ਐਡਮਿੰਟਨ ਵਿਚਲੀ ਆਪਣੀ ਮੰਜ਼ਿਲ ਤੱਕ ਯਤਰਾ ਕਰਨਗੇ।

### 25 ਜੁਲਾਈ – ਮਾਸਕਵਾਸਿਸ

- ਕੁਈਨ ਐਲਿਜ਼ਾਬੈੱਥ II ਹਾਈਵੇਅ ਅਤੇ ਹਾਈਵੇਅ 611 ਤੇ 2 ਏ ਉੱਪਰ ਪੋਨੋਕਾ, **ਮਾਸਕਵਾਸਿਸ** ਅਤੇ ਵੈਟਾਸਕਿਵਿਨ ਦੇ ਆਸ ਪਾਸ ਸੀਮਿਤ ਪਹੁੰਚ।.

### 26 ਜੁਲਾਈ – ਲੇਕ ਸੇਂਟ ਐਨ ਧਾਰਮਿਕ ਯਾਤਰਾ

- ਜਦੋਂ ਪੋਪ ਐਡਮਿੰਟਨ ਅਤੇ ਲੇਕ ਸੇਂਟ ਐਨ ਦਰਮਿਆਨ ਯਾਤਰਾ ਕਰਦੇ ਹਨ, ਤਾਂ ਹਾਈਵੇਅ 16, 43 ਅਤੇ 633 'ਤੇ ਹਾਈਵੇਅ ਬੰਦੀਆਂ ਅਤੇ ਸੀਮਤ ਪਹੁੰਚ ਦੀ ਆਸ ਕਰਨੀ ਚਾਹੀਦੀ ਹੈ।

## 27 ਜੁਲਾਈ - ਪੋਪ ਫਰਾਂਸਿਸ ਵਿਦਾ ਹੁੰਦੇ ਹਨ

- ਜਦੋਂ ਪੋਪ ਐਡਮਿੰਟਨ ਤੋਂ ਐਡਮਿੰਟਨ ਇੰਟਰਨੈਸ਼ਨਲ ਏਅਰਪੋਰਟ ਤੱਕ ਯਾਤਰਾ ਕਰਦੇ ਹਨ, ਤਾਂ ਕੁਈਨ ਐਲਿਜ਼ਾਬੈੱਥ II ਹਾਈਵੇਅ ਉੱਪਰ ਹਾਈਵੇਅ ਬੰਦੀਆਂ ਅਤੇ ਸੀਮਤ ਪਹੁੰਚ ਦੀ ਆਸ ਕਰਨੀ ਚਾਹੀਦੀ ਹੈ।

## ਫੌਰੀ ਤੱਥ

- ਪੋਪ ਦੇ ਈਵੈਂਟਾਂ 'ਚ 120, 000 ਤੋਂ ਵੱਧ ਲੋਕਾਂ ਦੇ ਸ਼ਾਮਲ ਹੋਣ ਦੀ ਆਸ ਕੀਤੀ ਜਾਂਦੀ ਹੈ:
    - 15,000 ਲੋਕ ਮਾਸਕਵਾਸਿਸ 'ਚ
    - 775 ਲੋਕ ਸੇਕਰਡ ਹਾਰਟ ਚਰਚ ਐਡਮਿੰਟਨ 'ਚ
    - 80,000 ਲੋਕ ਕਾਮਨਵੈਲਥ ਸਟੇਡੀਅਮ ਐਡਮਿੰਟਨ 'ਚ
    - 25,000 ਲੋਕ ਲੈਕ ਸੇਂਟ ਐਨ 'ਚ

ਸੁਲਹ-ਸਫਾਈ (ਰੀਕਾਂਸਿਲੀਏਸ਼ਨ) ਐਲਬਰਟਾ ਸਰਕਾਰ ਦੀ ਇਕ ਤਰਜੀਹ ਹੈ। ਸੁਲਹ-ਸਫਾਈ ਦੇ ਇਕ ਭਾਗੀਦਾਰ ਵਜੋਂ ਚੰਗੇਰੇ ਭਵਿੱਖ ਵੱਲ ਜਾਣ ਦੇ ਉੱਤਮ ਰਸਤੇ ਮਿੱਥਣ ਵਾਸਤੇ ਅਸੀਂ ਐਲਬਰਟਾ 'ਚ ਮੂਲਵਾਸੀ ਲੋਕਾਂ ਨੂੰ ਸੁਣ ਰਹੇ ਅਤੇ ਉਨ੍ਹਾਂ ਨਾਲ ਮਿਲਕੇ ਕੰਮ ਕਰ ਰਹੇ ਹਾਂ।

## ਸਬੰਧਤ ਜਾਣਕਾਰੀ

- ਪੋਪ ਫਰਾਂਸਿਸ ਐਲਬਰਟਾ 'ਚ
- ਪੋਪ ਦੀ ਫੇਰੀ ਦੀ ਸਮਾਂ-ਸੂਚੀ

## ਸੜਕਾਂ ਬਾਰੇ ਰਿਪੋਰਟਾਂ

ਅੱਪ-ਟੂ-ਡੇਟ ਸੜਕੀ ਜਾਣਕਾਰੀ ਅਤੇ ਟ੍ਰੈਫਿਕ ਦੇਰੀਆਂ ਲਈ

- ਟਾਲ ਫਰੀ 511 (ਐਲਬਰਟਾ 'ਚੋਂ)
- ਫੋਨ ਕਰੋ:1-855-391-9743 (ਐਲਬਰਟਾ ਤੋਂ ਬਾਹਰ)
- ਵੇਖੋ: 511.alberta.ca
- ਫਾਲੋ ਕਰੋ: @511Alberta

## ਮੀਡੀਆ ਇਨਕੁਆਰੀਆਂ

**Wayne Wood**

780-293-1917

ਕਮਿਊਨੀਕੇਸ਼ਨ ਐਡਵਾਈਜ਼ਰ, ਟ੍ਰਾਂਸਪੋਰਟੇਸ਼ਨ

**ALBERTA'S RECOVERY PLAN**

Alberta's Recovery Plan is a plan to breathe new life into Alberta's economy and create new opportunities for every Albertan. It's a plan to build, to diversify, and to create jobs.